## ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਸੇਵਾ ਵਿਖੇ

ਪੰਜਾਬ ਸਰਕਾਰ ਵਲੋਂ ਮਾਨਤਾ ਪ੍ਰਾਪਤ ਸਾਰੀਆਂ
ਮੈਡੀਕਲ, ਡੈਂਟਲ, ਆਯੁਰਵੈਦਿਕ, ਹੋਮੋਪੈਥਿਕ, ਨਰਸਿੰਗ ਅਤੇ ਪੈਰਾ-ਮੈਡੀਕਲ
ਸੰਸਥਾਵਾਂ ਦੇ ਮੁੱਖੀ।

ਨੰ: 6ਐਮ.ਈ.3(3)-ਪੰ:-13/ 6871-7167

ਮਿਤੀ ਚੰਡੀਗੜ੍ਹ: 16-4-13

ਵਿਸ਼ਾ:- **ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. /ਓ.ਬੀ.ਸੀ. ਸਟੂਡੰਟਸ ਅਧੀਨ ਸਕਾਲਰਸ਼ਿਪ ਮਨਜ਼ੂਰ ਕਰਨ ਬਾਰੇ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. /ਓ.ਬੀ.ਸੀ. ਸਟੂਡੰਟਸ ਅਧੀਨ ਸੰਸਥਾਵਾਂ ਤੋਂ ਮਿਤੀ 31.10.2012 ਤੱਕ ਯੋਗ ਵਿਦਿਆਰਥੀਆਂ ਦੇ ਸਕਾਲਰਸਿਪ ਫਾਰਮ ਸਮੇਤ ਸੰਸਥਾ ਵਲੋਂ ਭਲਾਈ ਵਿਭਾਗ ਦੇ ਨਿਰਧਾਰਿਤ ਐਕਸਲ ਪ੍ਰਫਾਰਮੇ ਵਿੱਚ ਲਿਸਟ ਅਤੇ ਸੋਫਟ ਕਾਪੀ ਦੇ ਮੰਗ ਕੀਤੀ ਗਈ ਸੀ। ਪੱਤਰ ਵਿੱਚ ਸਪਸ਼ਟ ਕੀਤਾ ਗਿਆ ਸੀ ਕਿ ਅਧੂਰੇ, ਨਿਸਚਿਤ ਮਿਤੀ ਤੋਂ ਬਾਅਦ ਪ੍ਰਾਪਤ ਅਤੇ ਵਿਦਿਆਰਥੀਆਂ ਵਲੋਂ ਸਿੱਧੇ ਪ੍ਰਾਪਤ ਹੋਏ ਫਾਰਮਾਂ ਤੇ ਉੱਤੇ ਵਿਚਾਰ ਨਹੀਂ ਕੀਤਾ ਜਾਵੇਗਾ। ਇਸ ਤੋਂ ਬਾਅਦ ਇਹ ਅੰਤਿਮ ਮਿਤੀ 31.12.2012 ਤੱਕ ਵਧਾ ਦਿੱਤੀ ਗਈ ਸੀ, ਜੋ ਕਿ ਵਿਭਾਗ ਦੀ ਵੈਬਸਾਈਟ ਉੱਤੇ ਦਰਸਾ ਦਿੱਤੀ ਗਈ ਸੀ।

ਜਿਹੜੇ ਵਿਦਿਆਰਥੀ ਵਿਸ਼ੇ ਅੰਕਿਤ ਸਕੀਮਾਂ ਅਧੀਨ ਯੋਗ ਪਾਏ ਗਏ ਹਨ, ਉਨ੍ਹਾਂ ਦੇ ਨਾਮ ਭਲਾਈ ਵਿਭਾਗ ਨੂੰ ਅਦਾਇਗੀ ਲਈ ਭੇਜ ਦਿੱਤੇ ਗਏ (ਲਿਸਟਾਂ ਵਿਭਾਗ ਦੀ ਵੈਬਸਾਈਟ www.punjabmedicaleducation.org ਉੱਤੇ ਸਕਾਲਰਸ਼ਿਪ ਪੇਜ ਉੱਤੇ ਉਪਲਬਧ ਹਨ), ਜਿਨ੍ਹਾਂ ਉੱਤੇ ਅਗਲੀ ਕਾਰਵਾਈ ਭਲਾਈ ਵਿਭਾਗ ਵਲੋਂ ਕੀਤੀ ਜਾਣੀ ਹੈ। ਸੰਸਥਾਵਾਂ ਕਿਰਪਾ ਕਰਕੇ ਇਹ ਸਰਟੀਫਿਕੇਟ ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਇਸ ਦਫਤਰ ਦੀ ਸੂਚਨਾ ਹੇਠ ਭੇਜਣ ਕਿ ਉਨ੍ਹਾਂ ਨੇ ਵਿਦਿਆਰਥੀਆਂ ਤੋਂ ਫੀਸ ਲਈ ਹੈ ਜਾਂ ਨਹੀਂ ਲਈ ਅਤੇ ਸੰਸਥਾ ਦਾ ਬੈਂਕ ਅਕਾਉਂਟ ਨੰਬਰ ਵੀ ਭੇਜਣ।

ਸਕਾਲਰਸ਼ਿਪ ਫਾਰਮ ਪ੍ਰਾਪਤ ਕਰਨ ਦੀ ਨਿਸਚਿਤ ਮਿਤੀ 31.12.2012 ਤੋਂ ਪਹਿਲਾਂ ਪ੍ਰਾਪਤ ਹੋਏ ਅਧੂਰੇ ਫਾਰਮ/ਐਕਸਲ ਲਿਸਟ ਅਤੇ ਸੀ.ਡੀ. ਤੋਂ ਬਿਨਾਂ ਪ੍ਰਾਪਤ ਫਾਰਮ ਸੰਸਥਾਵਾਂ ਨੂੰ ਵਾਪਸ ਭੇਜ ਕੇ ਮੁਕੰਮਲ ਕਰਨ ਲਈ 7 ਦਿਨ ਦਾ ਸਮਾਂ ਦਿੱਤਾ ਗਿਆ ਸੀ। ਇਹ 7 ਦਿਨ ਦਾ ਸਮਾਂ ਕਾਫੀ ਦੇਰ ਪਹਿਲਾਂ ਨਿਕਲ ਚੁੱਕਾ ਹੈ ਅਤੇ ਡਾਇਰੈਕਟਰ, ਅਨੁਸੂਚਿਤ

ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ ਵੱਲ ਅੱਧ ਸਰਕਾਰੀ ਪੱਤਰ ਲਿਖਦੇ ਹੋਏ ਇਸ ਵਿਭਾਗ ਤੋਂ ਯੋਗ ਵਿਦਿਆਰਥੀਆਂ ਦੀਆਂ ਸੂਚੀਆਂ ਪ੍ਰਾਪਤ ਕਰਨ ਦੀ ਅੰਤਿਮ ਮਿਤੀ 15.03.2013 ਨਿਸਚਿਤ ਕੀਤੀ ਗਈ ਸੀ, ਇਸਤਰ੍ਹਾਂ ਇਹ ਹਰਕੇ ਪੱਧਰ ਉੱਤੇ ਅੰਤਿਮ ਮਿਤੀਆਂ ਨਿਕਲ ਚੁੱਕੀਆਂ ਹਨ, ਪ੍ਰੰਤੂ ਸੰਸਥਾਵਾਂ ਵਲੋਂ ਅਜੇ ਵੀ ਸਕਾਲਰਸ਼ਿਪ ਫਾਰਮ ਇਸ ਦਫਤਰ ਵਿਖੇ ਪ੍ਰਾਪਤ ਹੋ ਰਹੇ ਹਨ, ਜਿਨ੍ਹਾਂ ਉੱਤੇ ਵਿਚਾਰ ਕਰਨ ਤੋਂ ਵਿਭਾਗ ਅਸਮਰੱਥ ਹੈ, ਕਿਉਂ ਜੋ ਅੰਤਿਮ ਮਿਤੀਆਂ ਅਤੇ ਵਿੱਤੀ ਸਾਲ ਵੀ ਨਿਕਲ ਚੁੱਕਾ ਹੈ।

ਵਿਭਾਗ ਦੀ ਵੈਬਸਾਈਟ www.punjabmedicaleducation.org ਉੱਤੇ ਸਕਾਲਰਸ਼ਿਪ ਪੇਜ ਉੱਤੇ ਦਰਸਾਈਆਂ ਸਾਲ 2011-12 ਅਤੇ 2012-13 ਨਾਲ ਸਬੰਧਤ ਯੋਗ ਵਿਦਿਆਰਥੀਆਂ ਦੀਆਂ ਸੂਚੀਆਂ ਚੈੱਕ ਕਰ ਲਈਆਂ ਜਾਣ ਅਤੇ ਇਸ ਸਬੰਧੀ ਸਬੰਧਤ ਵਿਦਿਆਰਥੀਆਂ ਨੂੰ ਸੂਚਿਤ ਕਰ ਦਿੱਤਾ ਜਾਵੇ। ਜੇਕਰ ਕਿਸੇ ਵਿਦਿਆਰਥੀ ਨੂੰ ਜਾਪਦਾ ਹੈ ਕਿ ਉਹ ਸਕਾਲਰਸ਼ਿਪ ਲਈ ਯੋਗ ਹੈ, ਪ੍ਰੰਤੂ ਉਸ ਦਾ ਨਾਮ ਭਲਾਈ ਵਿਭਾਗ ਨੂੰ ਨਹੀਂ ਭੇਜਿਆ ਗਿਆ ਜਾਂ ਇਸ ਸਬੰਧੀ ਕੋਈ ਹੋਰ ਸ਼ਿਕਾਇਤ ਹੈ, ਤਾਂ ਉਹ ਜਾਂ ਸੰਸਥਾ ਦਾ ਨੁਮਾਇੰਦਾ ਨਿਸਚਿਤ ਮਿਤੀ 31.12.2012 ਤੋਂ ਪਹਿਲਾਂ ਦਸਤਾਵੇਜ ਜਮਾਂ ਕਰਵਾਉਣ ਦਾ ਸਬੂਤ ਅਤੇ ਸਾਰੇ ਦਸਤਾਵੇਜਾਂ ਦੀਆਂ ਕਾਪੀਆਂ ਸਮੇਤ ਇਹ ਪੱਤਰ ਜਾਰੀ ਹੋਣ ਦੇ 15 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿਖੇ ਨਿੱਜੀ ਤੌਰ ਉੱਤੇ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕਰੇ। ਇਸ ਤੋਂ ਬਾਅਦ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਉੱਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਹਰਤਰ੍ਹਾਂ ਨਾਲ ਵਿਦਿਆਰਥੀ/ਸੰਸਥਾ ਜਿੰਮੇਵਾਰ ਹੋਣਗੇ ਅਤੇ ਅਧੂਰੇ, ਐਕਸਅਲ ਲਿਸਟ ਦੀ ਸੋਫਟ ਤੇ ਹਾਰਡ ਕਾਪੀ ਤੋਂ ਬਿਨਾ ਅਤੇ ਅੰਤਿਮ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਸਾਰੇ ਫਾਰਮ ਫਾਈਲ ਸਮਝੇ ਜਾਣਗੇ।

**ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ**

ਪਿਠ ਅੰਕਣ ਨੰ: 6ਐਮ.ਈ.3(3)-ਪੰ:-13/ 7168-69 ਮਿਤੀ ਚੰਡੀਗੜ੍ਹ: 16-4-13

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਕਾਰਵਾਈ ਅਤੇ ਉਨ੍ਹਾਂ ਨਾਲ ਸਬੰਧਤ ਸੰਸਥਾਵਾਂ ਨੂੰ ਸੂਚਿਤ ਕਰਨ ਹਿਤ ਭੇਜਿਆ ਜਾਂਦਾ ਹੈ-

1. ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ, ਫਰੀਦਕੋਟ।
2. ਰਜਿਸਟਰਾਰ, ਗੁਰੂ ਰਵੀਦਾਸ ਆਯੂਰਵੈਦਿਕ ਯੂਨੀਵਰਸਿਟੀ, ਹੁਸ਼ਿਆਰਪੁਰ।

**ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ**

ਪਿਰਥੀ ਚੰਦ, ਆਈ.ਏ.ਐਸ.

ਅ: ਸ: ਪੱ: ਨੰ : 332

ਡਾਇਰੈਕਟਰ,
ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ,
ਭਲਾਈ ਵਿਭਾਗ, ਪੰਜਾਬ
ਐਸ.ਸੀ.ਓ. ਨੰ. 128-129, ਸੈਕਟਰ 34-ਏ ਚੰਡੀਗੜ੍ਹ
ਫੋਨ : 0172-2600588
ਫੈਕਸ : 0172-2602912

ਡਾ. ਏ.ਐਸ. ਥਿੰਦ ਜੀ,

ਮਿਤੀ, ਚੰਡੀਗੜ੍ਹ 12/3/13.

ਮੈਂ ਆਪ ਦਾ ਧਿਆਨ ਭਲਾਈ ਵਿਭਾਗ ਵੱਲੋਂ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਲਈ ਆਪ ਦੇ ਵਿਭਾਗ ਰਾਹੀਂ ਲਾਗੂ ਕੀਤੀਆਂ ਜਾ ਰਹੀਆਂ ਸ਼ਕਾਲਰਸ਼ਿਪ ਸਕੀਮਾਂ ਵੱਲ ਦਿਵਾਉਣਾ ਚਾਹੁੰਦਾ ਹਾਂ, ਜਿਨ੍ਹਾਂ ਅਧੀਨ ਵਿੱਤੀ ਸਾਲ 2012-13 ਤੋਂ ਵਿੱਤੀ ਸਹਾਇਤਾ ਦੀ ਰਾਸ਼ੀ ਦੀ ਅਦਾਇਗੀ ਆਨ ਲਾਈਨ ਮੈਨੇਜਮੈਂਟ ਸਿਸਟਮ ਰਾਹੀਂ ਕੀਤੀ ਜਾਣੀ ਹੈ। ਆਪ ਦੇ ਵਿਭਾਗ ਤੋਂ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਨਾਲ ਸਬੰਧਤ ਵੱਖ-ਵੱਖ ਸ਼ਕਾਲਰਸ਼ਿਪ ਸਕੀਮਾਂ ਅਧੀਨ ਯੋਗ ਵਿਦਿਆਰਥੀਆਂ ਦੀਆਂ ਸੂਚੀਆਂ ਦੀ ਮੰਗ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਕੀਤੀ ਗਈ ਸੀ। ਇਸ ਸਬੰਧੀ ਕਈ ਵਾਰ ਪੱਤਰ ਅਤੇ ਅੱਧ ਸਰਕਾਰੀ ਪੱਤਰ ਵੀ ਆਪ ਨੂੰ ਲਿਖੇ ਗਏ ਸਨ ਅਤੇ ਮਾਨਯੋਗ ਭਲਾਈ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ, ਜਿਸ ਵਿੱਚ ਆਪ ਦੇ ਵਿਭਾਗ ਦੇ ਪ੍ਰਬੰਧਕੀ ਸਕੱਤਰ ਵੀ ਹਾਜ਼ਰ ਸਨ ਅਤੇ ਸਕੱਤਰ ਭਲਾਈ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ, ਜਿਸ ਵਿੱਚ ਆਪਦੇ ਵਿਭਾਗ ਦੇ ਅਧਿਕਾਰੀਆਂ ਨਾਲ ਸਮੇਂ-ਸਮੇਂ ਤੇ ਹੋਈਆਂ ਮੀਟਿੰਗਾਂ ਵਿੱਚ ਪਾਬੰਦ ਕਰਨ ਦੇ ਬਾਵਜੂਦ ਵੀ, ਮੁਕੰਮਲ ਸੂਚੀਆਂ ਅਜੇ ਤੱਕ ਪ੍ਰਾਪਤ ਨਹੀਂ ਹੋਈਆਂ ਜਦੋਂ ਕਿ ਵਿੱਤੀ ਸਾਲ ਦਾ ਆਖਰੀ ਮਹੀਨਾ ਚੱਲ ਰਿਹਾ ਹੈ।

ਮੈਂ ਆਪ ਦਾ ਅਤੀ ਧੰਨਵਾਦੀ ਹੋਵਾਗਾਂ ਜੇਕਰ ਯੋਗ ਵਿਦਿਆਰਥੀਆਂ ਦੀਆਂ ਸੂਚੀਆਂ ਮਿਤੀ 15-3-2013 ਤੱਕ ਇਸ ਵਿਭਾਗ ਨੂੰ ਭਿਜਵਾਉਣ ਦੀ ਖੇਚਲ ਕਰੋਗੇ, ਕਿਉਂਕਿ ਇਸ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਸੂਚੀਆਂ ਤੇ ਇਹ ਵਿਭਾਗ ਕਾਰਵਾਈ ਕਰਨ ਤੋਂ ਅਸਮਰੱਥ ਹੋਵੇਗਾ। ਆਪ ਦੇ ਵਿਭਾਗ ਤੋਂ ਸੂਚੀਆਂ ਪ੍ਰਾਪਤ ਨਾ ਹੋਣ ਕਾਰਣ ਜੇਕਰ ਯੋਗ ਵਿਦਿਆਰਥੀ ਵਜ਼ੀਫੇ ਤੋਂ ਵਾਂਝੇ ਰਹਿ ਗਏ ਤਾਂ ਅਜਿਹੀ ਸਥਿਤੀ ਵਿੱਚ ਨਿਰੋਲ ਜ਼ਿੰਮੇਵਾਰੀ ਆਪ ਦੇ ਵਿਭਾਗ ਦੀ ਹੋਵੇਗੀ।

ਆਦਰ ਸਹਿਤ,

ਹਿਤੂ

(ਪਿਰਥੀ ਚੰਦ)

ਡਾ. ਏ.ਐਸ.ਥਿੰਦ,
ਡਾਇਰੈਕਟਰ,
ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ,
ਚੰਡੀਗੜ੍ਹ।